BRAMPTON Flower City
brampton.ca

Planning and Development Services
Building Division
8850 McLaughlin Road, Unit 1
Brampton, ON L6Y 5T1

# ਬਿਲਡਿੰਗ ਪਰਮਿਟ ਸਬੰਧੀ ਸ਼ਰਤਾਂ

# ਰਿਹਾਇਸ਼ ਸਬੰਧੀ ਵਾਧਾ / ਅੰਦਰਲੇ ਹਿੱਸੇ ਵਿੱਚ ਤਬਦੀਲੀ

## ਬਿਲਡਿੰਗ ਪਰਮਿਟ ਅਰਜ਼ੀ

ਅਰਜ਼ੀ ਜਮ੍ਹਾਂ ਕਰਨ ਵੇਲੇ ਇਹ ਲੋੜੀਂਦਾ ਹੈ। ਅਧੂਰੀਆਂ ਅਰਜ਼ੀਆਂ ਸਵੀਕਾਰ **ਨਹੀਂ** ਕੀਤੀਆਂ ਜਾ ਸਕਦੀਆਂ।

1. **ਪੂਰੇ ਕੀਤੇ ਅਰਜ਼ੀ ਫਾਰਮ**
   - ਉਸਾਰੀ ਕਰਨ ਜਾਂ ਢਾਹੁਣ ਲਈ ਪਰਮਿਟ ਵਾਸਤੇ ਅਰਜ਼ੀ
   - ਸ਼ੈਡਿਊਲ 1: ਡਿਜ਼ਾਈਨਰ ਦੀ ਜਾਣਕਾਰੀ
   - ਲਾਗੂ ਕਨੂੰਨੀ ਜਾਂਚ ਸੂਚੀ

2. ਅਸਲੀ ਆਕਾਰ ਵਾਸਤੇ ਯੋਜਨਾਵਾਂ ਅਤੇ ਵਿਸ਼ੇਸ਼ਤਾਵਾਂ ਦੇ **ਦੋ (2) ਸੈੱਟ**, ਜਿਹਨਾਂ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:
   - ਕਨੂੰਨੀ ਪ੍ਰਾਪਰਟੀ ਸਰਵੇਖਣ ਅਤੇ ਸਾਈਟ ਯੋਜਨਾ
     ਹਰੇਕ ਦੀ ਮੌਜੂਦਾ ਅਤੇ ਪ੍ਰਸਤਾਵਿਤ ਉਸਾਰੀ ਅਤੇ ਪਰਿਮਾਪ ਵਿਖਾਓ।
     ਪ੍ਰਾਪਰਟੀ ਤੇ ਪ੍ਰਾਪਰਟੀ ਲਾਈਨਾਂ ਅਤੇ ਕਿਸੇ ਹੋਰ ਬਿਲਡਿੰਗਾਂ ਦੀਆਂ ਦੂਰੀਆਂ ਵਿਖਾਓ।
   - ਆਰਕੀਟੈਕਚਰਲ ਯੋਜਨਾਵਾਂ
     ਹਰੇਕ ਪੱਧਰ ਲਈ ਮੰਜ਼ਲ ਸਬੰਧੀ ਯੋਜਨਾਵਾਂ, ਘਰ ਅਤੇ ਸੈਕਸ਼ਨਾਂ ਦੇ ਹਰੇਕ ਪਾਸੇ ਲਈ ਉੱਚਾਈਆਂ ਦੱਸੋ, ਜਿੱਥੇ ਜ਼ਰੂਰੀ ਹੋਵੇ। ਹਰੇਕ ਯੋਜਨਾ ਵਿੱਚ ਹੇਠਾਂ ਲਿਖੀ ਜਾਣਕਾਰੀ ਮੁਹੱਈਆ ਕੀਤੀ ਜਾਣੀ ਲਾਜ਼ਮੀ ਹੈ:

### ਫਰਸ਼ ਸਬੰਧੀ ਯੋਜਨਾਵਾਂ

- ਪਲਾਨ ਦਾ ਸਿਰਲੇਖ ਅਤੇ ਮਾਪ
- ਸਮੁੱਚੇ ਪਰਿਮਾਪ ਅਤੇ ਹਰੇਕ ਕਮਰੇ ਅਤੇ ਖਾਲੀ ਥਾਂ ਦੇ ਪਰਿਮਾਪ
- ਕਮਰਿਆਂ ਅਤੇ ਖਾਲੀ ਥਾਵਾਂ ਦੀ ਵਰਤੋਂ
- ਬੀਮਾਂ, ਚੁਗਾਠਾਂ, ਥੰਮ੍ਹਿਆਂ, ਛਤੀਰਾਂ, ਸਹਾਰਾ ਦੇਣ ਵਾਲੀਆਂ ਕੰਧਾਂ ਅਤੇ ਵਿਭਾਗੀਕਰਨ ਸਮੇਤ, ਸਾਰੇ ਢਾਂਚਾਗਤ ਭਾਗਾਂ ਦਾ ਆਕਾਰ, ਪ੍ਰਕਾਰ (ਮੈਟੀਰੀਅਲ), ਖਾਲੀ ਥਾਂ ਅਤੇ ਸਥਾਨ
- ਫਰਸ਼, ਕੰਧ ਅਤੇ ਛੱਤ ਦੇ ਅੰਦਰਲੇ ਹਿੱਸੇ ਦੀਆਂ ਅਸੈਂਬਲੀਆਂ ਦੇ ਸਾਰੇ ਤੱਤਾਂ ਦਾ ਮੈਟੀਰੀਅਲ ਅਤੇ ਆਕਾਰ
- ਪਲੰਬਿੰਗ ਸਬੰਧੀ ਸਾਰੇ ਫਿਕਸਚਰਾਂ ਦਾ ਸਥਾਨ

### ਉੱਚਾਈਆਂ (ਘਰ ਦੇ ਹਰੇਕ ਪਾਸੇ ਲਈ)

- ਪਲਾਨ ਦਾ ਸਿਰਲੇਖ ਅਤੇ ਮਾਪ
- ਸਮੁੱਚੇ ਪਰਿਮਾਪ ਅਤੇ ਦਰਵਾਜਿਆਂ ਅਤੇ ਖਿੜਕੀਆਂ ਦੇ ਪਰਿਮਾਪ
- ਗ੍ਰੇਡ ਪੱਧਰ
- ਬਾਹਰਲੀ ਕੰਧ ਦੀ ਪਰਤ ਲਗਾਉਣਾ, ਫਿਨਿਸ਼ ਅਤੇ ਫਲੈਸ਼ਿੰਗ

### ਸੈਕਸ਼ਨ

- ਆਧਾਰ ਅਤੇ ਨੀਂਹ ਦੀ ਕੰਧ ਦਾ ਆਕਾਰ ਅਤੇ ਪ੍ਰਕਾਰ
- ਨੀਂਹ ਵਿੱਚ ਨਿਕਾਸ-ਪ੍ਰਬੰਧ
- ਗ੍ਰੇਡ ਤੋਂ ਫਰਸ਼ ਤੱਕ ਦਾ ਪੱਧਰ ਅਤੇ ਦੂਰੀ
- ਫਰਸ਼ ਦੀ ਉਸਾਰੀ
- ਬਾਹਰਲੀ ਅਤੇ ਅੰਦਰਲੀ ਕੰਧ ਦੀ ਉਸਾਰੀ
- ਛੱਤ ਅਤੇ ਛੱਤ ਦੇ ਅੰਦਰਲੇ ਹਿੱਸੇ ਦੀ ਉਸਾਰੀ (ਜੇਕਰ ਪਹਿਲਾਂ ਤੋਂ ਨਿਰਮਾਣ ਕੀਤੀਆਂ ਥੰਮ੍ਹੀਆਂ/ਸਤ੍ਹਾਵਾਂ ਵਰਤੀਆਂ ਗਈਆਂ ਹਨ, ਤਾਂ ਥੰਮ੍ਹੀ/ਸਤ੍ਹਾ ਦੇ ਖਾਕੇ ਅਤੇ ਵਿਸ਼ੇਸ਼ਤਾਵਾਂ ਦੇ ਵੇਰਵੇ ਜਮ੍ਹਾਂ ਕਰੋ)
- ਅਟਾਰੀ ਇੰਸੂਲੇਸ਼ਨ

- ਹੀਟਿੰਗ, ਹਵਾ ਦੀ ਆਵਾਜਾਈ ਅਤੇ ਏਅਰ ਕੰਡੀਸ਼ਨਿੰਗ
  ਹੀਟ ਦੀ ਕਮੀ ਅਤੇ ਹਵਾ ਦੀ ਆਵਾਜਾਈ ਦੀਆਂ ਗਣਨਾਵਾਂ ਦੀਆਂ ਦੋ ਕਾਪੀਆਂ ਮੁਹੱਈਆ ਕਰੋ। ਜਦੋਂ ਵਾਧੇ ਨੂੰ ਗਰਮ ਰੱਖਣ ਲਈ ਮੌਜੂਦਾ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਮੌਜੂਦਾ ਘਰ ਵਾਸਤੇ ਗਣਨਾ ਲੋੜੀਂਦੀ ਹੋਵੇਗੀ।
  ਨਵੇਂ ਡਕਟਵਰਕ ਅਤੇ ਮੌਜੂਦਾ ਡਕਟਵਰਕ, ਜਿੱਥੇ ਨਵਾਂ ਕੰਮ ਇਸਦੇ ਨਾਲ ਜੁੜਿਆ ਹੋਵੇ, ਦਾ ਸਥਾਨ ਅਤੇ ਆਕਾਰ ਅਤੇ ਸਪਲਾਈ ਏਅਰ ਰਜਿਸਟਰਾਂ ਅਤੇ ਰੀਟਰਨ ਏਅਰ ਗਰਿੱਲਾਂ ਦਾ ਸਥਾਨ ਅਤੇ ਆਕਾਰ ਵਿਖਾਉਂਦੇ ਹੋਏ ਹੀਟਿੰਗ ਸਿਸਟਮ ਫਲੋਰ ਯੋਜਨਾ ਦੀਆਂ ਦੋ ਕਾਪੀਆਂ ਮੁਹੱਈਆ ਕਰੋ

3. ਅਰਜ਼ੀ ਜਮ੍ਹਾਂ ਕਰਨ ਵੇਲੇ ਪਰਮਿਟ ਫੀਸ ਲੋੜੀਂਦੀ ਹੈ।
   - ਰਿਹਾਇਸ਼ੀ ਵਾਧਾ – ਹੀਟਡ $10.34/m² ਫਲੋਰ ਦਾ ਕੁੱਲ ਖੇਤਰ – ਅਨਹੀਟਡ $8.04/m² ਫਲੋਰ ਦਾ ਕੁੱਲ ਖੇਤਰ ਜਾਂ ਘੱਟੋ-ਘੱਟ ਫੀਸ: $280.50
   - ਰਿਹਾਇਸ਼ੀ ਤਬਦੀਲੀ - $4.59/m² ਜਾਂ ਘੱਟੋ-ਘੱਟ ਫੀਸ: $280.50

## ਬਿਲਡਿੰਗ ਪਰਮਿਟ ਜਾਰੀ ਕਰਨਾ

1. ਜਿੱਥੇ ਪਰਮਿਟ, ਰਜਿਸਟਰਡ ਕੋਂਡੋਮਿਨਿਅਮ ਦੇ ਸਾਂਝੇ ਹਿੱਸੇ ਦੇ ਅੰਦਰ ਉਸਾਰੀ ਕਰਨ ਲਈ ਜਾਰੀ ਕੀਤਾ ਜਾਂਦਾ ਹੈ, ਉੱਥੇ ਬਿਲਡਿੰਗ ਜਾਂ ਪ੍ਰਾਪਰਟੀ ਦੇ ਸਾਂਝੇ ਹਿੱਸੇ ਦੇ ਅੰਦਰ ਕੀਤੇ ਜਾਣ ਵਾਲੇ ਕੰਮ ਦੀ ਇਜਾਜ਼ਤ ਵਾਸਤੇ, ਕੋਂਡੋਮਿਨਿਅਮ ਕਾਰਪੋਰੇਸ਼ਨ ਦੇ ਅਧਿਕਾਰਤ ਏਜੰਟ ਵੱਲੋਂ ਦਸਤਖ਼ਤ ਕੀਤਾ ਇੱਕ ਉਸਾਰੀ ਲਈ ਇਜਾਜ਼ਤ ਦਾ ਨੋਟਿਸ (Notice of Permission to Construct) ਫਾਰਮ ਜਮ੍ਹਾਂ ਕੀਤਾ ਜਾਵੇਗਾ।
2. ਜ਼ੋਨਿਗ ਬਾਇ-ਲਾਅ ਦੀਆਂ ਸ਼ਰਤਾਂ ਦੇ ਮੁਤਾਬਕ, ਇੱਕ ਵਾਧਾ, ਜੋ ਵਿਕਸਿਤ ਗਵਾਂਢ ਦੇ ਅੰਦਰ ਸਥਿਤ ਸਿੰਗਲ ਡੀਟੈਚਡ ਜਾਂ ਸੈਮੀ-ਡੀਟੈਚਡ ਘਰ ਦਾ ਫਲੋਰ ਵਾਲਾ ਖੇਤਰ 50 m² ਜਾਂ ਇਸਤੋਂ ਵੱਧ ਹੋਵੇ ਤਾਂ ਇਹ ਸਾਈਟ ਯੋਜਨਾ ਸਮੀਖਿਆ ਦੇ ਅਧੀਨ ਆ ਸਕਦਾ ਹੈ। ਕਿਰਪਾ ਕਰਕੇ ਸ਼ਰਤਾਂ ਦੀ ਤਸਦੀਕ ਲਈ ਜ਼ੋਨਿੰਗ ਸਰਵਿਸਿਜ਼ (Zoning Services) ਨੂੰ ਸੰਪਰਕ ਕਰੋ।

**ਪਰਮਿਟਸ**
ਟੈਲੀਫੋਨ 905-874-2401
ਫੈਕਸ 905-874-2499

**ਇੰਸਪੈਕਸ਼ਨਸ**
ਟੈਲੀਫੋਨ 905-874-3700
ਫੈਕਸ 905-874-3763

**ਜ਼ੋਨਿੰਗ ਸੇਵਾਵਾਂ**
ਟੈਲੀਫੋਨ 905-874-2090
ਫੈਕਸ 905-874-2499